
Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:14, Issue:11(6), November, 2025
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

# ਵਿਸ਼ਵੀ ਮਾਨਵਵਾਦੀ ਵਿਵਹਾਰ ਦਾ ਅਲੰਬਰਦਾਰ: ਸ੍ਰੀ ਗੁਰੂ ਗ੍ਰੰਥ ਸਾਹਿਬ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਬਾਣੀਕਾਰਾਂ ਨੇ ਸਾਰੇ ਸੰਸਾਰ ਦੀ ਸਿਰਜਣਾ ਸਰਬ ਕਲਾ ਸਮਰੱਥ ਪਰਮਾਤਮਾ ਵੱਲੋਂ ਕੀਤੀ ਗਈ ਹੋਣ ਦਾ ਸੰਕਲਪ ਦ੍ਰਿੜਾਉਂਦੇ ਹੋਏ ਮਾਇਆ ਦੀ ਪਕੜ ਵਿਚ ਵਕਤੀ ਸੁਆਦਾਂ ਵਿੱਚ ਗਲਤਾਨ ਹੋ ਕੇ, ਨਿਰੰਤਰ ਪਸ਼ਚਾਤਾਪ ਹੰਢਾਉਂਦੇ ਮਨੁੱਖ ਮਾਤਰ ਦੀ 'ਸੁਰਤਿ ਮਤਿ ਮਨਿ ਅਤੇ ਬੁਧਿ' ਦੀ ਸ਼ਬਦ ਦੀ ਟਕਸਾਲ ਵਿਚ ਘਾੜਤ ਘੜ ਕੇ ਕੂੜਿਆਰ ਤੋਂ ਸਚਿਆਰ ਬਣਾਉਣ ਦਾ ਯਤਨ ਕੀਤਾ ਹੈ। ਭਰਮਾਂ ਦੇ ਹਨੇਰੇ ਵਿਚ ਭਟਕਦੇ ਮਾਨਵ ਨੰ ਸੱਚ ਦੀ ਰੋਸ਼ਨੀ ਵਿੱਚ ਖੜੇ ਕੇ ਜੀਵਨ ਦੀ ਵਾਸਤਵਿਕ ਸੱਚ ਨੂੰ ਪਹਿਚਾਨਣ, ਜੀਵਨ ਦੇ ਮੰਤਵ ਨੂੰ ਗ੍ਰਹਿਣ ਕਰਨ ਅਤੇ ਮੰਜ਼ਿਲ ਦੀ ਪਰਤੀ ਲਈ ਸਾਰਥਕ ਦਿਸ਼ਾ ਵਿਚ ਕਦਮ ਪੱਟਣ ਦੀ ਪ੍ਰੇਰਨਾ ਅਤੇ ਸੁਝਾਅ ਦਿਤੇ ਹਨ ਤਾਂ ਜੋ ਮਾਨਵ ਧਰਤੀ ਅਤੇ ਪਰਮਾਤਮਾ ਦੀ ਦਰਗਾਹ ਵਿਚ 'ਉਜਲੇ ਮੁਖ' ਨਾਲ ਵਿਚਰਦਿਆਂ ਆਪਣੇ ਆਪ ਦੇ 'ਮਨ ਤੂ ਜੋਤਿ ਸਰੂਪ ਹੈ" ਦੇ ਅਸਲ ਮੰਤਵ ਨੂੰ ਪਹਿਚਾਨਦਿਆਂ ਮਾਣ ਸਤਿਕਾਰ ਦਾ ਅਧਿਕਾਰੀ ਬਣ ਸਕੇ।

**Key Words:** ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀਕਾਰ, ਮਾਨਵਵਾਦੀ ਵਿਵਹਾਰ, ਅਲੰਬਰਦਾਰ

ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਯੁੱਗ ਦਾ ਪ੍ਰਮੁੱਖ ਅਤੇ ਵਿਲੱਖਣ ਧਰਮ ਗ੍ਰੰਥ ਹੈ, ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਕਰਕੇ 'ਗੁਰੂ' ਦੀ ਵਿਧੀਵੱਤ ਉਪਾਧੀ ਪ੍ਰਦਾਨ ਕੀਤੀ। ਇਸ ਪ੍ਰਕਾਰ ਸ਼ਬਦ ਗੁਰੂ ਦੀ ਇਕ ਨਵੀਂ ਪਰੰਪਰਾ ਦਾ ਕੇਵਲ ਆਰੰਭ ਹੀ ਨਹੀਂ ਕੀਤਾ ਸਗੋਂ ਇਸ ਨੂੰ ਪੂਰੀ ਤਰ੍ਹਾਂ ਨਾਲ ਸਥਾਪਿਤ ਕਰਕੇ ਇਸ ਦਾ ਸਰੂਪ ਹੀ ਮੁੱਢਲੇ ਰੂਪ ਵਿਚ ਮਾਨਵਤਾ ਨੂੰ ਇਕ ਵੱਡੀ ਦੇਣ ਹੈ। ਗੁਰੂ ਅਰਜਨ ਦੇਵ ਜੀ ਨੇ ਛੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ 26 ਹੋਰ ਵਿਭਿੰਨ ਇਲਾਕਿਆਂ ਤੇ ਸੰਪਰਦਾਵਾਂ ਦੇ ਪ੍ਰਮੁੱਖ ਭਗਤਾਂ, ਸੰਤਾਂ, ਭੱਟਾਂ, ਸੂਫ਼ੀ ਮਤ ਦੇ ਫਕੀਰਾਂ ਦੀ ਬਾਣੀ ਅਤੇ ਗੁਰੂ ਘਰ ਦੇ 4 ਨਿਕਟਵਰਤੀ ਗੁਰਸਿੱਖਾਂ ਦੀ ਬਾਣੀ ਨੂੰ ਦਰਜ ਕਰਕੇ, ਸਭ ਨੂੰ ਗੁਰਬਾਣੀ ਤੁੱਲ ਮਾਨਤਾ ਅਤੇ ਸਤਿਕਾਰ ਦੇ ਕੇ ਇਸ ਮਤ ਨੂੰ ਸਥਾਪਿਤ ਕੀਤਾ ਕਿ ਜੀਵਨ ਦਾ ਪਰਮ ਸੱਚ ਇੱਕ ਹੈ। ਇਸ ਰਾਹੀਂ ਗੁਰੂ ਸਾਹਿਬ ਨੇ ਧਰਮ ਦੀ ਏਕਤਾ ਦਾ ਮਹਾਨ ਸੁਨੇਹਾ ਮਾਨਵ ਮਾਤਰ ਨੂੰ ਦਿੱਤਾ ਅਤੇ ਮਾਨਵ ਨੂੰ ਸਭ ਧਰਮਾਂ ਨੂੰ ਬਰਾਬਰ ਆਦਰ ਅਤੇ ਸਤਿਕਾਰ ਦੇਣ ਦੀ ਜਾਚ ਸਿਖਾਈ। ਗੁਰੂ ਸਾਹਿਬ ਨੇ ਇਸ ਰਾਹੀਂ ਇਹ ਵੀ ਸਿਧਾਂਤ ਦਿਤਾ ਕਿ ਧਰਮ ਦਾ ਅਸਲ ਮਨੋਰਥ ਖੇਰੂੰ-ਖੇਰੂੰ ਹੋ ਚੁੱਕੀ ਮਨੁੱਖਤਾ ਨੂੰ ਇੱਕੋ ਲੜੀ ਵਿਚ ਪਰੋਇਆ ਜਾਵੇ। ਗੁਰਮਤਿ ਵਿਚਾਰਧਾਰਾ ਸਿਰਫ ਸੱਚਾ ਮਨੁੱਖ ਸਿਰਜਨ ਦੀ ਪ੍ਰਕਿਰਿਆ ਹੀ ਨਹੀਂ ਸਗੋਂ ਸੱਚਾ ਰਾਜ ਸਥਾਪਿਤ ਕਰਨ ਦਾ ਆਸ਼ਾ ਵੀ ਰੱਖਦੀ ਹੈ। ਗੁਰਬਾਣੀ ਦੇ ਮਾਡਲ ਵਿਚ ਗੁਰਮੁਖ ਰਾਜ ਦਾ ਸੰਕਲਪ ਵੀ ਉਭਰਦਾ ਹੈ ਪਰ ਨਾਲ ਹੀ ਸੱਚੇ ਪਾਤਸ਼ਾਹ ਨਾਲ ਕਿਸੇ ਝੂਠੇ ਰਾਜੇ ਨੂੰ ਕੋਈ ਮਾਨਤਾ ਪ੍ਰਦਾਨ ਨਹੀਂ ਕੀਤੀ ਗਈ।

ਬਾਣੀਕਾਰਾਂ ਨੇ ਸਾਰੇ ਸੰਸਾਰ ਦੀ ਸਿਰਜਣਾ ਸਰਬ ਕਲਾ ਸਮਰੱਥ ਪਰਮਾਤਮਾ ਵੱਲੋਂ ਕੀਤੀ ਗਈ ਹੋਣ ਦਾ ਸੰਕਲਪ ਦ੍ਰਿੜਾਉਂਦੇ ਹੋਏ ਮਾਇਆ ਦੀ ਪਕੜ ਵਿਚ ਵਕਤੀ ਸੁਆਦਾਂ ਵਿੱਚ ਗਲਤਾਨ ਹੋ ਕੇ, ਨਿਰੰਤਰ ਪਸ਼ਚਾਤਾਪ ਹੰਢਾਉਂਦੇ ਮਨੁੱਖ ਮਾਤਰ ਦੀ 'ਸੁਰਤਿ ਮਤਿ ਮਨਿ ਅਤੇ ਬੁਧਿ' ਦੀ ਸ਼ਬਦ ਦੀ ਟਕਸਾਲ ਵਿਚ ਘਾੜਤ ਘੜ ਕੇ ਕੂੜਿਆਰ ਤੋਂ ਸਚਿਆਰ ਬਣਾਉਣ ਦਾ ਯਤਨ ਕੀਤਾ ਹੈ। ਭਰਮਾਂ ਦੇ ਹਨੇਰੇ ਵਿਚ ਭਟਕਦੇ ਮਾਨਵ ਨੰ ਸੱਚ ਦੀ ਰੋਸ਼ਨੀ ਵਿੱਚ ਖੜੇ ਕੇ ਜੀਵਨ ਦੀ ਵਾਸਤਵਿਕ ਸੱਚ ਨੂੰ ਪਹਿਚਾਨਣ, ਜੀਵਨ ਦੇ ਮੰਤਵ ਨੂੰ ਗ੍ਰਹਿਣ ਕਰਨ ਅਤੇ ਮੰਜ਼ਿਲ ਦੀ ਪਰਤੀ ਲਈ ਸਾਰਥਕ ਦਿਸ਼ਾ ਵਿਚ ਕਦਮ ਪੱਟਣ ਦੀ ਪ੍ਰੇਰਨਾ ਅਤੇ ਸੁਝਾਅ ਦਿਤੇ ਹਨ ਤਾਂ ਜੋ ਮਾਨਵ ਧਰਤੀ ਅਤੇ ਪਰਮਾਤਮਾ ਦੀ ਦਰਗਾਹ ਵਿਚ 'ਉਜਲੇ ਮੁਖ' ਨਾਲ ਵਿਚਰਦਿਆਂ ਆਪਣੇ ਆਪ ਦੇ 'ਮਨ ਤੂ ਜੋਤਿ ਸਰੂਪ ਹੈ" ਦੇ ਅਸਲ ਮੰਤਵ ਨੂੰ ਪਹਿਚਾਨਦਿਆਂ ਮਾਣ ਸਤਿਕਾਰ ਦਾ ਅਧਿਕਾਰੀ ਬਣ ਸਕੇ।

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:14, Issue:11(6), November, 2025
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਬਾਣੀਕਾਰ ਦੱਸਦੇ ਹਨ ਕਿ ਇਕੋ ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਕ, ਰਾਜਕ ਅਤੇ ਨਾਸ਼ਕ ਹੈ। ਉਸਦੇ ਜਗਤ ਨਾਲ ਮਾਤਾ, ਪਿਤਾ, ਭਾਈ, ਪੁੱਤਰ ਅਤੇ ਰਿਸ਼ਤੇਦਾਰ ਇਤਿ ਆਦਿ ਸਾਰੇ ਹੀ ਰਿਸ਼ਤੇ ਹਨ। ਸ੍ਰਿਸ਼ਟੀ ਪ੍ਰਕਿਰਿਆ ਦੇ ਹੋਂਦ ਵਿਚ ਆਉਣ ਤੋਂ ਕਈ ਅਰਬਾਂ ਖਰਬਾਂ ਸਾਲ ਪਹਿਲਾਂ ਜਦੋਂ ਏਥੇ ਕੁਝ ਵੀ ਨਹੀਂ ਸੀ ਕੇਵਲ ਧੁੰਦ ਹੀ ਧੁੰਦ ਸੀ ਤਾਂ ਉਦੋਂ ਵੀ ਪਰਮਾਤਮਾ ਸੁੰਨ ਅਵਸਥਾ ਵਿਚ ਸਮਾਧੀ ਲਗਾ ਕੇ ਮੌਜੂਦ ਸੀ:

ਅਰਬਦ ਨਰਬਦ ਧੁੰਧੂਕਾਰਾ॥

ਧਰਣਿ ਨ ਗਗਨਾ ਹੁਕਮੁ ਅਪਾਰਾ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥[1]

ਪਰਮਾਤਮਾ ਦੇ ਬਰਾਬਰ ਦਾ ਕੋਈ ਹੋਰ ਸ਼ਰੀਕ ਤੇ ਦੂਸਰਾ ਨਹੀਂ ਹੈ।

- ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥[2]
- ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥[3]
- ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥[4]
- ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥
  ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ॥[5]
- ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥[6]

ਜਿੱਥੇ ਪਰਮਾਤਮਾ ਵਰਗਾ ਵੱਡਾ ਕੋਈ ਨਹੀਂ ਉਥੇ ਉਸਦੇ ਗੁਣ ਬੇਅੰਤ ਅਤੇ ਅਕਹਿ ਹਨ, ਉਸਦੇ ਅਨੇਕ ਨਾਮ ਤੇ ਅਨੰਤ ਰੂਪ ਹਨ।

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥[7]

ਇਹ ਨਾਮ ਰਾਮ, ਅਲਾਹ, ਠਾਕਰ, ਗੋਬਿੰਦ, ਗੋਪਾਲ, ਨਰਾਇਣ, ਬੀਠਲ, ਬਨਵਾਰੀਆ ਇਤਿਆਦਿ ਹਨ:

- ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ॥[8]
- ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥[9]
- ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥[10]
- ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ਰਹਾਉ॥[11]
- ਨਾਰਾਇਨ ਨਰਪਤਿ ਨਮਸਕਾਰੈ॥[12]
- ਕ੍ਰਿਪਾ ਕਰਿ ਬਨਵਾਰੀਆ॥[13]
- ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥[14]

"ਗੁਰੂ ਗ੍ਰੰਥ ਸਾਹਿਬ ਦਾ ਆਰੰਭ ਹੀ 1 ਅੱਖਰੀ ਸੰਕੇਤ ਨਾਲ ਹੁੰਦਾ ਹੈ। ਹਿੰਦਸੇ ਵਾਲਾ 1 ਲਿਖਣ ਦਾ ਮੰਤਵ ਇਹ ਲਗਦਾ ਹੈ ਕਿ ਕੋਈ 1 ਨੂੰ ਭੰਨ ਨਹੀਂ ਸਕਦਾ ਅਤੇ ਨਾ ਕੋਈ ਵੰਡ ਸਕਦਾ ਹੈ। ਜੇ ਅਖਰੀ 'ਇਕ' ਪਾਉਂਦੇ ਹਾਂ ਤਾਂ ਸ਼ਾਇਦ ਇਸ ਦੇ ੲ, ਿ,ਕ ਟੋਟੇ ਹੋ ਸਕਦੇ ਹਨ। ਪ੍ਰਭੂ ਦਾ ਕੋਈ ਬਦਲ ਨਹੀਂ। ਪ੍ਰਭੂ ਕਿਸੇ ਨੂੰ ਅਵਤਾਰ ਬਣਾ ਕੇ ਨਹੀਂ ਭੇਜਦਾ। ਸਾਰੀ ਸ਼ਕਤੀ ਦਾ ਮਾਲਕ ਉਹ ਆਪ ਹੈ। ਅਖਰਾਂ ਦੇ ਅਰਥ ਤਾਂ ਵੱਟ ਸਕਦੇ ਹਨ। ਪਰ 1 ਨਹੀਂ ਬਦਲ ਸਕਦਾ। ਉਸ ਤੋਂ ਬਾਅਦ 'ਓ' ਦੀ ਧੁਨੀ ਹੈ ਅਤੇ (ਕਾਰ) ਆਉਂਦਾ ਹੈ, ਜਿਸ ਦਾ ਭਾਵ ਲਗਾਤਾਰ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ ਕੋਈ ਵੱਖ ਵੱਖ ਉਸਦੇ ਹਿੱਸੇ ਨਹੀਂ ਬਣਾਏ। ਇਸ ਇਕ ਦੇ ਪ੍ਰਚਾਰ ਨਾਲ ਦੋ ਹੋਰ ਖਿਆਲ ਸਾਹਮਣੇ ਆਉਂਦੇ ਹਨ। ਉਹ ਕੋਈ ਵੱਖ-ਵੱਖ ਤਾਕਤਾਂ ਦਾ ਸਮੂਹ ਨਹੀਂ ਬਲਕਿ ਇਕ ਹੈ, ਜਿਸ ਤੋਂ ਸਾਰੀਆਂ ਤਾਕਤਾਂ ਨਿਕਲਦੀਆਂ ਹਨ। [15]

ਗੁਰੂ ਨਾਨਕ ਦਾ ਰੱਬ ੧ਓਂ ਦੇ ਸਿਧਾਂਤ ਤੇ ਨਿਰਭਰ ਹੈ। ਉਹਨਾਂ ਅਨੁਸਾਰ ਈਸ਼ਵਰ ਕਰਤਾ ਪੁਰਖ ਹੈ, ਨਿਰਭਉ, ਨਿਰਵੈਰ ਹੈ, ਉਸਦਾ ਪ੍ਰਕਾਸ਼ ਸੁੱਤੇ ਸਿੱਧ ਹੋਇਆ ਹੈ। ਉਹਨਾਂ ਅਨੁਸਾਰ ਰੱਬ ਇਕ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ। ਰਾਮ, ਰਹੀਮ, ਕਰਤਾ, ਕਰੀਮ, ਅਕਾਲ ਪੁਰਖ, ਸਤਿਗੁਰੂ, ਅੱਲਾ

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:14, Issue:11(6), November, 2025
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਅਤੇ ਖ਼ੁਦਾ ਆਦਿ ਉਸੇ ਇਕ ਪਰਮਾਤਮਾ ਨੂੰ ਸੰਬੋਧਿਤ ਕਰਨ ਲਈ ਵੱਖ ਵੱਖ ਸ਼ਬਦ ਹਨ। ਗੁਰੂ ਨਾਨਕ ਦੇ ਰਬ ਦੇ ਸੰਕਲਪ ਬਾਰੇ ਡਾ. ਜੀ.ਐਸ. ਦਿਓਲ ਨੇ ਇਸ ਤਰ੍ਹਾਂ ਵਿਚਾਰ ਪੇਸ਼ ਕੀਤੇ ਹਨ:-

> ਗੁਰੂ ਨਾਨਕ ਨੇ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਹੋਸੀ ਭੀ ਸਚੁ॥' ਰੱਬ ਨੂੰ ਇਹਨਾਂ ਪੱਖਾਂ ਤੋਂ ਪੇਸ਼ ਕੀਤਾ ਹੈ। ਪਹਿਲਾ ਪੱਖ ਪਰਮਾਤਮਾ (Supreme Self) ਅਤੇ ਇਕ ਪਰਮ ਪੁਰਖ ਦਾ ਹੈ। ਰੱਬ ਦਾ ਇਹ ਰੂਪ ਹਰ ਪ੍ਰਕਾਰ ਦੀ ਵਿਸ਼ੇਸ਼ਤਾ, ਵਿਰੋਧਤਾ, ਬੰਧਨਾਂ ਅਤੇ ਨਿਰਵਿਕਾਰ ਹੈ ਭਾਵ ਉਹ ਰੂਪ ਰਹਿਤ ਗੁਣ ਰਹਿਤ ਅਤੇ ਪਰਿਵਰਤਨ ਰਹਿਤ ਸੱਚਾਈ ਹੈ। ਪਰਮਾਤਮਾ ਦਾ ਤੀਜਾ ਸਰੂਪ ਸਰਗੁਣ ਹੈ। ਇਸ ਸਰੂਪ ਨੂੰ ਕੁਦਰਤ, ਰਚਨਾ, ਬ੍ਰਹਿਮੰਡ, ਸੰਸਾਰ, ਜਗਤ ਅਤੇ ਮਾਇਆ ਹੀ ਕਿਹਾ ਹੈ।[16]

ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਈਸ਼ਵਰ ਜਗਤ ਦਾ ਸਿਰਜਣਹਾਰ ਹੈ। 'ਕਰਤਾ' ਸ਼ਬਦ ਦੇ ਨਾਲ 'ਪੁਰਖ' ਦਾ ਜੁੜਿਆ ਹੋਣਾ ਈਸ਼ਵਰ ਦੇ ਵਿਅਕਤੀਗਤ ਸਰੂਪ ਦਾ ਲਖਾਇਕ ਹੈ। ਗੁਰੂ ਨਾਨਕ ਦਾ ਈਸ਼ਵਰ ਵਿਸ਼ਵ ਦਾ ਸਿਰਜਣਹਾਰ ਹੈ, ਜੋ ਇਕੋ ਵੇਲੇ ਸ੍ਰਿਸ਼ਟੀ ਰਚਨਾ ਵਿਚ ਵਿਆਪਕ ਵੀ ਹੈ ਅਤੇ ਉਸ ਕੋਲੋਂ ਉਚੇਰਾ ਵੀ ਹੈ। ਈਸ਼ਵਰ ਦੇ ਸਰੂਪ ਦਾ ਵਰਨਣ ਅਤੇ ਨਿਰਭਉ, ਨਿਰਵੈਰ, ਜੂਨਾਂ ਤੋਂ ਰਹਿਤ ਆਦਿ ਗੁਣਾਂ ਦਾ ਵਿਸ਼ਲੇਸ਼ਣਾਤਮਕ ਵਰਨਣ ਉਸਦੀ ਮਹਤੱਤਾ ਨੂੰ ਉਘਾੜਦਾ ਹੈ।

ਬਾਣੀਕਾਰ ਸ੍ਰਿਸ਼ਟੀ ਸਿਰਜਣ ਪ੍ਰਕਿਰਿਆ ਦੀ ਆਮ ਪ੍ਰਚਲਿਤ ਵਿਕਾਸਵਾਦੀ ਧਾਰਨਾ ਨੂੰ ਸਵੀਕਾਰ ਨਹੀਂ ਕਰਦੇ। ਪਰਮਾਤਮਾ ਨੇ ਤਾਂ ਇਕੋ ਵਾਰੀ ਹੀ 'ਕਵਾਉ' ਕਹਿ ਕੇ ਆਪਣੇ 'ਹੁਕਮ ਅਨੁਸਾਰ ਸ੍ਰਿਸ਼ਟੀ ਸਿਰਜ ਦਿੱਤੀ ਹੈ। ਜਿਸਦੀ ਸਮੁੱਚੀ ਹੋਂਦ ਅਤੇ ਗਤੀ ਪਰਮਾਤਮਈ ਹੁਕਮ ਅਤੇ ਮਿਹਰ ਉਪਰ ਆਧਾਰਿਤ ਹੈ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥[17]

ਬਾਣੀਕਾਰ ਮਾਇਆ ਦੇ ਚਿੱਕੜ ਵਿੱਚ ਗਲਤਾਨ ਚਮ ਖੁਸ਼ੀਆਂ ਅਤੇ ਪਦਾਰਥਕ ਪ੍ਰਾਪਤੀਆਂ ਨੂੰ ਹੀ ਜ਼ਿੰਦਗੀ ਦਾ ਟੀਚਾ ਸਮਝ ਬੈਠੇ ਜੀਵਾਂ ਨੂੰ ਕੂੜਿਆਰ ਸ਼ਬਦ ਨਾਲ ਸੰਬੋਧਨ ਕਰਦੇ ਉਹਨਾਂ ਨੂੰ ਭਰਮਾਂ ਦੇ ਹਨੇਰੇ ਵਿਚੋ ਕੱਢ ਸੱਚ ਦੇ ਚਾਨਣ ਵਿਚ ਲਿਆਉਣ ਲਈ ਸੱਚ ਦਾ ਮਾਰਗ ਦਸ ਧਰਤੀ ਨੂੰ ਸਹੀ ਅਰਥਾਂ ਵਿੱਚ ਧਰਮਸ਼ਾਲਾ ਬਣਿਆ ਰਹਿਣ ਅਤੇ ਧਰਤੀ ਨੂੰ ਇਸਦਾ ਅਸਲ ਗੌਰਵ ਪ੍ਰਦਾਨ ਕਰਦੇ ਹਨ। ਕੂੜਿਆਰ ਤਾਂ ਗੰਦਗੀ ਦੇ ਕੀੜੇ ਹਨ ਜੋ ਸਾਰੀ ਜ਼ਿੰਦਗੀ ਗੰਦਗੀ ਗ੍ਰਸਤ ਰਹਿ ਕੇ ਪਰਮਾਤਮਾ ਦੀ ਦਰਗਾਹ ਵਿਚ ਕਾਲੇ ਮੂੰਹਾਂ ਨਾਲ ਅਪਮਾਨਿਤ ਕੀਤੇ ਜਾਂਦੇ ਹਨ:

- ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ॥[18]
- ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ [19]
- ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥[20]

ਇਸ ਦੇ ਵਿਪਰੀਤ ਜ਼ਿੰਦਗੀ ਦੇ ਵਾਸਤਵਿਕ ਸੱਚ ਨੂੰ ਬਾਣੀਕਾਰ ਸਚਿਆਰ ਦੀ ਉਪਾਧੀ ਦੇ ਉਹਨਾਂ ਨੂੰ ਲੋਕ ਪਰਲੋਕ ਵਿਚ ਮਾਨ ਅਤੇ ਸਤਿਕਾਰ ਦਾ ਅਧਿਕਾਰੀ ਦੱਸਦੇ ਹਨ:

ਕੂੜਿਆਰ ਕੂੜੀਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ [21]

ਸਤ ਚਿਤ ਆਨੰਦ ਪਰਮਾਤਮਾ ਨੂੰ ਜਾਨਣ ਤੇ ਸਾਂਝ ਰੱਖਣ ਦਾ ਹਿਤੈਸ਼ੀ ਤੇ ਕਿਰਤੀ, ਸਚਿਆਰ ਬਣ ਕੇਵਲ ਆਪ ਹੀ ਦੁਨੀਆਂ ਦੇ ਭਵਸਾਗਰ ਨੂੰ ਪਾਰ ਕਰਦਾ ਹੈ, ਸਗੋਂ ਹੋਰਾਂ ਦਾ ਵੀ ਪਾਰ ਉਤਾਰਾ ਕਰਦਾ ਹੈ। ਅਸਲ ਵਿਚ ਗੁਰਬਾਣੀ ਅਧਿਅਤਮਿਕਤਾ ਅਤੇ ਮਾਨਵਤਾ ਦੇ ਸੁੰਦਰ ਸੁਮੇਲ ਦਾ ਆਰੰਭਿਕ ਨਮੂਨਾ ਹੈ। ਇਸ ਦਾ ਬੁਨਿਆਦੀ ਪ੍ਰਸ਼ਨ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"[22] ਨੂੰ ਮਾਨਵਵਾਦੀ ਚੇਤਨਾ ਨਾਲ ਜੋੜ ਕੇ ਹੱਲ ਕੀਤਾ ਗਿਆ ਹੈ। ਦੂਸਰੇ ਸ਼ਬਦਾਂ ਵਿਚ ਇਸ ਵਿਚ ਕੂੜਿਆਰ ਨੂੰ ਸਚਿਆਰ ਬਣਾਉਣ ਦੀ ਵਿਧੀ ਮਾਨਵ ਦੀ ਸਾਕਾਰਾਤਮਕ ਪਕਿਰਿਆ ਨਾਲ ਜੋੜ ਕੇ ਪੇਸ਼ ਕੀਤੀ ਹੈ। ਸਚਿਆਰ ਸ਼ਰਵਣ ਤੇ ਮੰਨਨ ਤੇ ਮਾਰਗ ਤੋਂ ਲੰਘ ਕੇ ਪੰਚ ਦੀ ਅਵਸਥਾ ਪਹੁੰਚ ਪ੍ਰਵਾਨ ਅਤੇ ਪ੍ਰਧਾਨ ਬਣਦਾ ਹੈ:

ਪੰਚ ਪਰਵਾਣ ਪੰਚ ਪਰਧਾਨੁ॥

ਪੰਚੇ ਪਾਵਹਿ ਦਰਗਹਿ ਮਾਨੁ ॥[23]

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:14, Issue:11(6), November, 2025
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਸੱਚ ਦਾ ਅਵਲੰਬੀ ਕਿਸੇ ਇੱਕ ਇਲਾਕੇ, ਜਾਤੀ, ਫਿਰਕੇ ਅਤੇ ਮਜ਼ਹਬ ਦਾ ਨਹੀਂ ਸਮੁੱਚੇ ਵਿਸ਼ਵ ਨਾਲ ਸੰਬੰਧਿਤ ਹੁੰਦਾ ਹੈ ਫੇਰ ਕੋਈ ਹਿੰਦੂ, ਸਿੱਖ, ਮੁਸਲਮਾਨ, ਇਸਾਈ, ਪਾਰਸੀ, ਬੋਧੀ ਹੋਣ ਦੀ ਸ਼ਰਤ ਸਚਿਆਰ ਉਪਰ ਨਹੀਂ ਕੇਵਲ ਪਿਆਰ, ਦਇਆ, ਸੰਤੋਖ, ਧੀਰਜ, ਨਿਮਰਤਾ, ਕਿਰਤ, ਸੰਘਰਸ਼, ਪਰਉਪਕਾਰ ਦਾ ਹੋਣਾ ਹੀ ਲਾਜ਼ਮ ਹੈ। ਇਹ ਸ਼ਰਤਾਂ ਕਿਸੇ ਲੋਕਤਾਂਤਰੀ ਚੇਤਨਾ ਅਤੇ ਮਾਨਵਵਾਦੀ ਸਿਧਾਂਤ ਦੀਆਂ ਬੁਨਿਆਦੀ ਲੋੜਾਂ ਹਨ। ਮਾਨਵ ਨੂੰ ਮਾਨਵ ਨਾਲ ਪਿਆਰ ਦਾ ਹੋਣਾ ਅਤੇ ਇਕ ਦੂਸਰੇ ਦੇ ਦੁੱਖ ਸੁੱਖ ਦਾ ਭਾਈਵਾਲ ਬਣ ਜੀਵਨ ਗਤੀ ਦੀ ਚਲਾਇਮਾਨਤਾ ਲਈ ਸੰਘਰਸ਼ਸ਼ੀਲ ਬਣਿਆ ਰਹਿਣਾ ਹੀ ਸੱਚ ਹੈ ਅਤੇ ਏਹੋ ਹੀ ਮਾਨਵੀ ਵਿਵਹਾਰ ਹੈ। ਸਚਿਆਰ ਲਈ ਗੁਰਬਾਣੀ ਵਿਚ ਸਿੱਖ ਸ਼ਬਦ ਦੀ ਵਰਤੋਂ ਕਰਕੇ ਸਤਿਗੁਰ ਦੇ ਸਿੱਖ ਨੂੰ ਸਮੁੱਚੇ ਸਿੱਖ ਜੀਵਨ ਦਾ ਪ੍ਰਤੀਨਿਧ ਬਣਾ ਕੇ ਉਸਦੇ ਆਚਾਰ ਵਿਵਹਾਰ ਨੂੰ ਬੁਨਿਆਦੀ ਤੌਰ ਉਤੇ ਕਿਰਤ, ਅੰਦਰੂਨੀ ਸੁੱਚ ਅਤੇ ਪਰਉਪਕਾਰ ਨਾਲ ਜੋੜ ਕੇ ਪੇਸ਼ ਕੀਤਾ ਹੈ:

- ਸਚੁ ਤਾ ਪਰ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥[24]
- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

  ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥[25]

ਗੁਰਬਾਣੀ ਸ਼ਾਸ਼ਤਰ ਵਿਚਲਾ ਸੱਚ ਉਤਮ ਮਾਨਵੀ ਵਿਵਹਾਰ ਨਾਲ ਜੁੜਿਆ ਹੋਇਆ ਹੈ। ਏਥੇ ਪਰਮਾਤਮਾ ਦੀ ਉਸਤਤ ਵੀ ਲੋੜੀਂਦੀ ਹੈ ਜੋ ਕਿ ਸਤਿ ਵਿਵਹਾਰ ਨਾਲ ਸੰਬੰਧਿਤ ਹੋ ਕੇ ਸੰਪੂਰਨ ਹੁੰਦੀ ਹੈ। ਹਰੀ ਦਾ ਨਾਮ ਜ਼ਰੂਰੀ ਹੈ, ਪਰ ਇਹ ਸੰਪੂਰਨਤਾ ਨਿਰਮਲ ਕਰਮ ਨਾਲ ਜੁੜ ਕੇ ਹੀ ਆਪਣਾ ਵਾਸਤਵਿਕ ਟੀਚਾ ਪੂਰਾ ਕਰਦੀ ਹੈ:

- ਉਸਤਤਿ ਮਨ ਮਹਿ ਕਰਿ ਨਿਰੰਕਾਰ॥

  ਕਰਿ ਮਨ ਮੇਰੇ ਸਤਿ ਬਿਉਹਾਰ॥[26]

- ਸਰਬ ਧਰਮ ਮਹਿ ਸ੍ਰੇਸਟ ਧਰਮੁ॥

  ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥[27]

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਜਾਂ ਮੁਸਲਿਮ ਧਰਮ (ਜੋ ਮੱਧਕਾਲੀ ਸਮੇਂ ਵਿਚ ਪ੍ਰਚਲਿਤ ਸਨ) ਕਿਸੇ ਇਕ ਨੂੰ ਦੂਜੇ ਨਾਲੋਂ ਸ੍ਰੇਸ਼ਟ ਮੰਨ ਕੇ ਉਸ ਵਿਚ ਸੰਮਿਲਤ ਹੋਣ ਦਾ ਸੁਝਾਅ ਜਾਂ ਸੰਕੇਤ ਨਹੀਂ। ਹਿੰਦੂ ਧਰਮੀ ਨੂੰ ਦਇਆ, ਸੰਤੋਖ, ਇਖਲਾਕੀ ਉਚਤਾ ਦਾ ਜਨੇਊ ਅਤੇ ਮੁਸਲਮਾਨ ਨੂੰ ਮਿਹਰ ਦੀ ਮਸੀਤ ਬਣਾ ਸਿਦਕ, ਹੱਕ, ਹਲਾਲ ਅਤੇ ਇਖਲਾਕੀ ਉੱਚਤਾ ਨੂੰ ਧਾਰਨ ਕਰਨ ਦਾ ਜੋ ਸੁਝਾਅ ਹੈ ਉਹ ਮਾਨਵਵਾਦ ਦੀ ਹੀ ਬੁਨਿਆਦੀ ਚੂਲ ਹੈ। ਉੱਤਮ ਮਾਨਵੀ ਵਿਵਹਾਰ ਦਾ ਇਕ ਮਾਡਲ ਹੈ:

- ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
  ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥[28]
- ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
  ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥[29]

ਗੁਰਬਾਣੀ ਵਿਚ ਧਰਮ ਦੇ ਪ੍ਰਗਟ ਸਰੂਪ ਰੂਪ ਤੋਂ ਇਹ ਪਤਾ ਲੱਗਦਾ ਹੈ ਕਿ ਮਨੁੱਖ ਆਪਣੇ ਮਨ, ਬਚਨ ਅਤੇ ਕਰਮ ਨੂੰ ਸਹੀ ਦਿਸ਼ਾ ਦੇਵੇ ਤਾਂ 'ਕੁੜਿਆਰ' ਤੋਂ 'ਸਚਿਆਰ' ਦੀ ਯਾਤਰਾ ਮੁਕੰਮਲ ਕਰ ਸਕਦਾ ਹੈ। ਇਹ ਯਾਤਰਾ ਅਧਿਆਤਮਕਤਾ ਅਤੇ ਸਮਾਜਿਕਤਾ ਦੇ ਵਿਕਾਸ ਨੂੰ ਦਰਸਾਉਂਦੀ ਹੈ। 'ਜਪੁਜੀ' ਸਾਹਿਬ ਵਿਚ ਜਿਸ ਧਰਮ ਦੀ ਗੱਲ ਕੀਤੀ ਗਈ ਹੈ, ਉਹ ਸੰਕੀਰਣਤਾ ਤੋਂ ਉੱਪਰ ਉੱਠ ਕੇ ਸਮੁੱਚੀ ਮਾਨਵ ਜਾਤੀ ਦੇ ਕਲਿਆਣ ਲਈ ਕੰਮ ਕਰਦਾ ਹੈ। ਜਪੁਜੀ ਸਾਹਿਬ ਵਿਚਲਾ ਧਰਮ ਕਿਸੇ ਇਕ ਵਰਣ ਦਾ ਨਾ ਰਹਿ ਕੇ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣ ਕਰਕੇ ਸਰਬ ਸਾਂਝਾ ਧਰਮ ਬਣ ਗਿਆ ਹੈ। ਅਸਲ ਵਿਚ ਇਹ ਕਰਮ-ਕਾਂਡਾਂ ਅਤੇ ਵਰਣ ਵੰਡ ਵਿਚੋਂ ਕੱਢ ਕੇ ਧਰਮ ਨੂੰ ਕਰਮ ਨਾਲ ਜੋੜ ਦਿੰਦਾ ਹੈ। ਭਾਰਤੀ ਸੰਸਕ੍ਰਿਤੀ ਵਿਚ ਧਰਮ ਦੇ ਕਈ ਅਰਥਾਂ ਦਾ ਜ਼ਿਕਰ ਕੀਤਾ ਗਿਆ ਹੈ। ਧਰਮ ਨੂੰ ਫਰਜ਼ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ ਜਿਵੇਂ ਗੁਰੂ ਅੰਗਦ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਬਿਆਨ ਕੀਤਾ ਹੈ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥

ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥੩॥[30]

ਹਰ ਵਰਣ ਦਾ ਆਪਣਾ ਧਰਮ ਉਸਦਾ 'ਫ਼ਰਜ਼' ਹੈ। ਧਰਮ ਦੀਆਂ ਸਮੁੱਚੀਆਂ ਕ੍ਰਿਆਵਾਂ ਨੂੰ ਵੀ ਭਾਰਤ ਵਿਚ ਪੂਜਾ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਇਹ ਪੂਜਾ ਵਿਧੀ ਕਰਮ-ਕਾਂਡ ਹੈ, ਜਿਸਨੂੰ ਸੰਸਾਰ ਦੇ ਪਰੰਪਰਾਗਤ ਧਰਮਾਂ ਵਿਚ 'ਧਰਮ' ਕਿਹਾ ਗਿਆ ਹੈ। ਸਿੱਖ ਵਿਚਾਰਧਾਰਾ ਵਿਚ ਧਰਮ ਦੇ ਬਾਹਰੀ ਕਰਮ ਕਾਂਡਾਂ ਨੂੰ ਨਕਾਰ ਕੇ ਧਰਮ ਦੇ ਅੰਦਰੂਨੀ ਤੱਤ ਨਾਲ ਜੋੜ ਕੇ ਧਰਮ ਸੰਬੰਧੀ ਪਰੰਪਰਾਗਤ ਅਰਥਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਗਿਆ ਹੈ:

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥[31]

ਇਸ ਸ੍ਰਿਸ਼ਟੀ ਦਾ ਸਹਾਰਾ ਧਰਮ ਰੂਪੀ ਬੌਲਦ ਹੈ, ਜਿਹੜਾ ਦਇਆ ਵਾਲੀ ਅਤੇ ਸਮੁੱਚੇ ਸਮਾਜ ਨੂੰ ਸੂਤਰਬੱਧ ਕਰਨ ਵਾਲੀ ਸ਼ਕਤੀ ਸਦਾਚਾਰਕ ਗੁਣਾਂ ਨੂੰ ਅਪਨਾਉਣ ਵਿਚ ਹੈ। ਸਿੱਖ ਮਤ ਸਦਾਚਾਰ ਨੂੰ ਧਰਮ ਦਾ ਸਮਾਨਾਰਥ ਮੰਨ ਕੇ ਧਰਮ ਦੇ ਕਾਰਜ ਨੂੰ ਵਿਆਪਕਤਾ ਪ੍ਰਦਾਨ ਕਰਦਾ ਹੈ। ਸ੍ਰਿਸ਼ਟੀ ਦੇ ਗਤੀਮਾਨ ਨਿਯਮ ਅਤੇ ਵਿਅਕਤੀ ਦੇ ਸਦਾਚਾਰਕ ਨਿਯਮ ਵਿਚ ਧਰਮ ਇਕ ਠੋਸ ਅਤੇ ਸਜੀਵ ਵਿਵਸਥਾ ਵਜੋਂ ਕਾਰਜਸ਼ੀਲ ਹੈ। ਇਸ ਲਈ ਜੇ ਵਿਅਕਤੀ ਸਦਾਚਾਰਕ ਤੌਰ ਤੇ ਨਰੋਆ ਰਹੇ ਤਾਂ ਸ੍ਰਿਸ਼ਟੀ ਵਿਚ ਸੰਤੁਲਨ ਬਣਿਆ ਰਹੇਗਾ। ਸਿਰਫ ਵਿਅਕਤੀ ਦਾ ਸਚਿਆਰ ਹੋਣਾ ਹੀ ਕੇਵਲ ਉਸ ਲਈ ਗੁਣਕਾਰੀ ਨਹੀਂ ਸਗੋਂ ਸਮੁੱਚੇ ਸਮਾਜ ਲਈ ਵੀ ਹਿੱਤਕਾਰੀ ਹੈ।

ਗੁਰਬਾਣੀ ਇਕ ਅਜਿਹੀ ਧਰਮ ਚੇਤਨਾ ਦਾ ਮੁੱਢ ਬੰਨ੍ਹਦੀ ਹੈ ਜਿਸ ਵਿਚ ਜ਼ਿੰਮੇਵਾਰ ਜੀਵਨ ਜਿਉਂਦੇ ਹੋਏ ਮਨੁੱਖਾ ਜੀਵਨ ਦੇ ਪਰਮ ਸੱਚ ਨੂੰ ਪ੍ਰਾਪਤ ਕਰਨ ਉਤੇ ਬਲ ਦਿੱਤਾ ਗਿਆ ਹੈ। ਗੁਰਬਾਣੀ ਦਾ ਮੂਲ ਬਿੰਦੂ ਇਹ ਹੈ ਕਿ ਪਰਮਾਤਮਾ ਸੱਚ ਹੈ ਅਤੇ ਉਸਨੂੰ ਸਚਿਆਰ ਹੋਏ ਬਗੈਰ ਮਿਲਿਆ ਨਹੀਂ ਜਾ ਸਕਦਾ। ਸਚਿਆਰ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਚਲਦਿਆਂ, ਹੁਕਮ ਦੀ ਪਛਾਣ ਕਰਕੇ, ਨਾਮ ਜਪ ਕੇ, ਨੈਤਿਕ ਗੁਣਾਂ ਨੂੰ ਧਾਰਨ ਕਰਕੇ ਹੀ ਅਧਿਆਤਮਕਤਾ ਦੇ ਰਾਹ ਦਾ ਪਾਂਧੀ ਬਣ ਸਕਦਾ ਹੈ। ਗੁਰਬਾਣੀ ਅਨੁਸਾਰ ਮਨੁੱਖ ਨੂੰ ਇਸ ਰਾਹ ਤੇ ਤੁਰਦੇ ਹੋਏ ਹਉਮੈ ਨੂੰ ਨੇੜੇ ਨਹੀਂ ਲੱਗਣ ਦੇਣਾ ਚਾਹੀਦਾ। ਬੰਦਾ ਉਸਦੇ ਹੁਕਮ ਦੀ ਸੀਮਾ ਦੇ ਅੰਦਰ ਆਪਣੀ ਇੱਛਾ ਦੀ ਭਲੀ ਬੁਰੀ ਵਰਤੋਂ ਕਰ ਸਕਦਾ ਹੈ। ਮਨੁੱਖ ਲਈ ਮਾਨਵੀ ਵਿਹਾਰ ਉਹੀ ਹੋ ਸਕਦਾ ਹੈ ਜਿਸਨੂੰ ਅਕਾਲ ਪੁਰਖ ਦੀ ਇੱਛਾ ਦੀ ਪ੍ਰਵਾਨਗੀ ਹੋਈ ਹੋਵੇ। ਗੁਰੂ ਦੇ ਸ਼ਬਦ ਰੂਪ ਦੀ ਸਿਖਿਆ ਅਪਨਾਉਣ ਤੇ ਜ਼ੋਰ ਦਿੱਤਾ ਗਿਆ ਹੈ ਨਾ ਕਿ ਦੇਹਧਾਰੀ ਗੁਰੂਆਂ ਦੀ ਕਰਨੀ ਦੀ ਨਕਲ ਕਰਨ ਤੇ:

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ॥[32]

ਗੁਰੂ ਦੀ ਮਦਦ ਨਾਲ ਮਨੁੱਖ ਹੁਕਮ ਨੂੰ ਜਾਣ ਲੈਂਦਾ ਹੈ ਅਤੇ ਇਸ ਨਾਲ ਜੀਵਨ ਦੇ ਸੱਚ ਨੂੰ ਸਮਝ ਲੈਂਦਾ ਹੈ। ਹੁਕਮ ਦੀ ਇਹ ਪਛਾਣ ਨੈਤਿਕ ਅਤੇ ਅਧਿਆਤਮਕ ਦੋਹਾਂ ਪੱਖਾਂ ਤੋਂ ਮਹਾਨ ਪ੍ਰਾਪਤੀ ਕਹੀ ਜਾ ਸਕਦੀ ਹੈ ਕਿਉਂਕਿ ਇਸ ਨਾਲ ਹਉਮੈ ਦਾ ਨਾਸ ਹੁੰਦਾ ਹੈ। ਜਿੰਨਾ ਚਿਰ ਹਉਮੈ ਰਹਿੰਦੀ ਹੈ ਉਨ੍ਹਾਂ ਚਿਰ ਸੱਚ ਦੀ ਪਛਾਣ ਨਹੀਂ ਹੁੰਦੀ। ਹਉਮੈ ਮੁੱਕਣ ਉਤੇ ਹੀ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ:-

ਹਉ ਹਉ ਕਰਤ ਨਹੀ ਸਚੁ ਪਾਈਐ॥
ਹਉਮੈ ਜਾਇ ਪਰਮ ਪਦੁ ਪਾਈਐ॥[33]

ਹੁਕਮ ਦੀ ਇਹ ਪਛਾਣ ਹੀ ਗੁਰਮਤਿ ਦੇ ਮਾਰਗ ਦੇ ਪਾਂਧੀ ਲਈ ਸਦਾਚਾਰ ਦਾ ਸਰੋਤ ਬਣ ਜਾਂਦੀ ਹੈ। ਇਹ ਸਰੋਤ ਉਸਨੂੰ ਰੱਬੀ ਸੋਮੇ ਤੋਂ ਸ਼ਕਤੀ ਗ੍ਰਹਿਣ ਕਰਨ ਯੋਗ ਬਣਾਉਂਦਾ ਹੈ। ਗੁਰੂ ਦੇ ਕਹੇ ਅਨੁਸਾਰ ਹੁਕਮ ਨੂੰ ਪਛਾਣ ਕੇ ਸਹੀ ਰਾਹ ਉਤੇ ਚੱਲ ਕੇ ਨਿਰਾਸ਼ਾਵਾਦੀ ਸੁਰ ਨੂੰ ਤਿਆਗ ਕੇ ਜੀਵਨ ਦੀ ਨਵੀਂ ਸਾਰਥਿਕਤਾ ਲੱਭਣ ਲਈ ਪ੍ਰੇਰਿਤ ਕਰਦੀ ਹੈ। ਇਹ ਜਗਤ ਨਾਸ਼ਵਾਨ ਹੈ, ਮਨੁੱਖ ਨੇ ਇਸ ਵਿਚ ਵਿਚਰਦੇ ਹੋਏ ਇਸ ਗੱਲ ਦਾ ਧਿਆਨ ਰੱਖਣਾ ਹੈ:

ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ॥
ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਂਈ ॥[34]

ਮਾਨਵਤਾ ਨੇ ਆਪਣੇ ਆਪ ਨੂੰ ਕਈ ਵੰਡੀਆਂ ਵਿਚ ਵੰਡ ਕੇ ਨਿਰਧਨ ਅਤੇ ਧਨੀ, ਸਮਰੱਥ ਅਤੇ ਕਮਜ਼ੋਰ, ਮਾਲਕ ਤੇ ਗੁਲਾਮ ਵਿਚ ਵੰਡ ਕੇ ਜਨਮ, ਜਾਤ, ਨਸਲ ਅਤੇ ਉਪਜੀਵਕਾ ਲਈ ਕੀਤੀ ਜਾਣ ਵਾਲੀ ਕਿਰਤ ਨੂੰ ਉੱਚਾ ਨੀਵਾਂ ਦੱਸ ਕੇ ਊਚ ਨੀਚ ਨੂੰ ਧਿਆਨ ਵਿਚ ਲਿਆਂਦਾ। "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਮਾਨਵਤਾ ਨੂੰ ਇਕ ਨਵਾਂ ਅਤੇ ਸਾਰਥਕ ਮਾਪਦੰਡ ਦਿੱਤਾ ਗਇਆ ਅਤੇ ਉਹ ਸੀ 'ਕਰਮ' ਅਥਵਾ ਕਰਣੀ ਕੀਰਤ ਨੂੰ ਅਧਾਰ ਬਣਾ ਕੇ ਉਸਾਰਿਆ ਮਾਪ ਦੰਡ। "[35] ਆਪ ਨੇ ਜਾਤ, ਜਨਮ, ਨਾਮ ਆਦਿ ਦੀ ਸਾਰਥਿਕਤਾ ਨੂੰ ਅਪ੍ਰਵਾਨ ਕੀਤਾ ਹੈ:-

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:14, Issue:11(6), November, 2025
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥[36]

ਗੁਰੂ ਗ੍ਰੰਥ ਸਾਹਿਬ ਵਿਚ ਵਿਚਾਰਧਾਰਾ ਸਮਾਜ ਵਿਚ ਜਾਤ ਪਾਤ ਰਹਿਤ, ਊਚ ਨੀਚ ਤੋਂ ਮੁਕਤ, ਮਾਨਵ ਚੇਤਨਾ ਅਤੇ ਸਮਾਨਤਾ ਦੀ ਪ੍ਰਤੱਖ ਉਦਾਹਰਣ ਹੈ। ਮਨੁੱਖ ਨੂੰ ਅਜਿਹੀ ਵੰਡੀਆਂ ਤੋਂ ਉੱਪਰ ਉੱਠ ਕੇ ਪਰਮਾਤਮਾ ਦਾ ਗਿਆਨ ਪ੍ਰਾਪਤ ਕਰਕੇ: "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥"[37] ਰਾਹੀਂ ਸ਼ੁਭ ਅਮਲ ਕਰਨ ਲਈ ਪ੍ਰੇਰਿਆ ਗਿਆ ਹੈ। ਸੱਚ ਦੇ ਗਿਆਨ ਨੂੰ ਪ੍ਰਾਪਤ ਕਰਕੇ ਉਸਨੂੰ ਆਪਣੀ ਕਰਨੀ ਰਾਹੀਂ ਵਿਅਤਕੀਗਤ ਜੀਵਨ ਨੂੰ ਸੰਵਾਰ ਕੇ ਪਰਮਾਤਮਾ ਦੇ ਨਾਮ ਦੇ ਬਰਾਬਰ ਮੰਨਿਆ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥[38]

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਜ਼ਿੰਦਗੀ ਦੇ ਸੱਚ ਨੂੰ ਧਾਰਨ ਕਰਦਿਆਂ ਵਿਅਕਤੀਗਤ ਸੰਕੀਰਣਤਾ ਤੋਂ ਉੱਪਰ ਉੱਠ ਕੇ ਮਾਨਵਵਾਦੀ ਵਿਵਹਾਰ ਸਹਿਤ ਵਿਸ਼ਵ ਲਈ ਜਿਉਣਾ ਮਰਨਾ ਅਤੇ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[39] ਦਾ ਅਵਲੰਬੀ ਦਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ ਹੈ। ਪੰਚ ਤੱਤ ਦਾ ਪੁਤਲਾ ਮਾਨਵ ਮਾਨਵਵਾਦੀ ਵਿਵਹਾਰ ਨਾਲ 'ਨਾ ਕੋ ਬੈਰੀ ਨਹੀ ਬਿਗਾਨਾ ਅਤੇ ਹਮ ਨਹੀ ਚੰਗੇ ਬੁਰਾ ਨਹੀ ਕੋਇ॥[40] ਦੀ ਮਾਨਵਵਾਦੀ ਚੇਤਨਾ ਨਾਲ ਉੱਤਮ ਮਾਨਵਵਾਦੀ ਸਮਾਜ ਦਾ ਸਿਰਜਕ ਬਣ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1035
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 350
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 45
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 97
5.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 103
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1378
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 358
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 889
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1374
11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 399
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1273
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1301
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 917
15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 485
16. ਪ੍ਰਿੰ. ਸਤਬੀਰ ਸਿੰਘ, ਸਾਡਾ ਇਤਿਹਾਸ ਦਸਾਂ ਪਾਤਸ਼ਾਹੀਆਂ, ਪੰਨਾ 69
17. ਡਾ. ਜੀ.ਐਸ. ਦਿਉਲ, ਭਾਰਤੀ ਰਾਜਨੀਤਕ ਵਿਵਸਥਾ, ਪ੍ਰਾਚੀਨ ਅਤੇ ਆਧੁਨਿਕ, ਪੰਨਾ 105
18. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1
19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1175
20. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 314
21. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 463
22. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 314
23. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1
24. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 3
25. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 468
26. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 305

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:14, Issue:11(6), November, 2025
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

Cover Page

27. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 281
28. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 266
29. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 471
30. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 140
31. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 469
32. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 3
33. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 933
34. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 226
35. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1274
36. ਡਾ. ਗੁਰਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨਵਤਾ ਨੂੰ ਦੇਣ,
37. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1330
38. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 62
39. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 266
40. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
41. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 728